ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ ਚੰਡੀਗੜ੍ਹ।
(ਕੋਆਰਡੀਨੇਸਨ ਸਾਖਾ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।

ਮੀਮੋ ਨੰ: 15/42-13kw ਕੋ.ਸੈਲ (1)/229
ਮਿਤੀ: 10-07-2015

**ਵਿਸਾ:-** **ਸਰਕਾਰੀ ਪ੍ਰੈਸ ਐਸ.ਏ.ਐਸ.ਨਗਰ ਅਤੇ ਪਟਿਆਲਾ ਤੋਂ ਛਪਾਈ ਦਾ ਕੰਮ ਕਰਵਾਉਣ ਸਬੰਧੀ।**

ਹਵਾਲਾ:- ਪੰਜਾਬ ਸਰਕਾਰ, ਛਪਾਈ ਤੇ ਸਟੇਸਨਰੀ ਵਿਭਾਗ (ਛਪਾਈ ਤੇ ਸਟੇਸਨਰੀ ਸ਼ਾਖਾ) ਦਾ ਪੱਤਰ ਨੰ: 8/75/2012-1ਪਸ/143 ਮਿਤੀ 18-06-2015.

ਉਪਰਕੋਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 10-07-2015

ਉਤਾਰਾ ਦਫਤਰ ਡੀ.ਪੀ.ਆਈ (ਸੈਸਿ), ਪੰਜਾਬ ਵਿਖੇ ਰਜਿਸਟਰਾਰ ਸਿੱਖਿਆ ਅਤੇ ਕੇਅਰ ਟੇਕਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ

ਨੰ 8/75/2012-1ਪਸ/ 143

ਪੰਜਾਬ ਸਰਕਾਰ

ਛਪਾਈ ਤੇ ਸਟੇਸਨਰੀ ਵਿਭਾਗ

(ਛਪਾਈ ਤੇ ਸਟੇਸਨਰੀ ਸ਼ਾਖਾ)

ਮਿਤੀ,ਚੰਡੀਗੜ੍ਹ 18 ਜੂਨ 2015

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾ ਅਤੇ ਸੈਸ਼ਨ ਜੱਜ
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
ਸਮੂਹ ਸਬ ਡਵੀਜਨਲ ਮੈਜਿਸਟਰੇਟ।

ਵਿਸ਼ਾ:- ਸਰਕਾਰੀ ਪ੍ਰੈਸ ਐਸ.ਏ.ਐਸ. ਨਗਰ ਅਤੇ ਪਟਿਆਲਾ ਤੋਂ ਛਪਾਈ ਦਾ ਕੰਮ ਕਰਵਾਉਣ ਸਬੰਧੀ।

*****

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਰਾਜ ਦੇ ਸਾਰੇ ਸਮੂਹ ਵਿਭਾਗਾਂ/ਬੋਰਡਾਂ ਅਤੇ ਹੋਰ ਅਦਾਰਿਆਂ ਦੀ ਛਪਾਈ ਦਾ ਕੰਮ ਰਾਜ ਦੀਆਂ ਸਰਕਾਰੀ ਪ੍ਰੈਸਾਂ ਤੋਂ ਕਰਵਾਇਆ ਜਾਵੇ। ਪ੍ਰੰਤੂ ਵੇਖਣ ਵਿੱਚ ਆਇਆ ਹੈ ਕਿ ਵਿਭਾਗਾਂ ਤੇ ਬੋਰਡਾਂ ਵੱਲੋਂ ਛਪਾਈ ਦਾ ਕੰਮ ਪ੍ਰਾਈਵੇਟ ਪ੍ਰੈਸਾਂ ਤੋਂ ਕਰਵਾਇਆ ਜਾਂਦਾ ਹੈ। ਜਿਸ ਨਾਲ ਸਰਕਾਰ ਨੂੰ ਵਿੱਤੀ ਨੁਕਸਾਨ ਹੁੰਦਾ ਹੈ। ਪਹਿਲਾਂ ਕਿਸੇ ਸਮੇਂ ਇਨ੍ਹਾਂ ਪ੍ਰੈਸਾਂ ਤੋਂ ਤਕਰੀਬਨ ਰਾਜ ਦੇ ਸਾਰੇ ਵਿਭਾਗਾਂ ਵੱਲੋਂ ਛਪਾਈ ਦਾ ਕੰਮ ਕਰਵਾਇਆ ਜਾਂਦਾ ਸੀ। ਇਹ ਪ੍ਰੈਸਾਂ ਬਹੁਤ ਹੀ ਖੁੱਲੀ ਜਗਾ ਵਿੱਚ ਬਣੀਆਂ ਹੋਈਆਂ ਹਨ ਅਤੇ ਉਨਾਂ ਵਿੱਚ ਮਸ਼ੀਨਰੀ ਤੇ ਸਟਾਫ ਵੀ ਉਪਲੱਬਧ ਹੈ। ਜਦੋਂ ਕਿ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਦਾ ਅਮਲਾ ਅਤੇ ਮਸ਼ੀਨਰੀ ਕੰਮ ਨਾ ਹੋਣ ਕਾਰਣ ਉਸ ਦਾ ਪੂਰਾ-ਪੂਰਾ ਉਪਯੋਗ ਨਹੀਂ ਹੋ ਰਿਹਾ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਦਫਤਰਾਂ/ਬੋਰਡਾਂ ਦੀ ਛਪਾਈ ਦਾ ਕੰਮ ਸਰਕਾਰੀ ਪ੍ਰੈਸ, ਪਟਿਆਲਾ ਅਤੇ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ ਤੋਂ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਅਧੀਨ ਸਕੱਤਰ

ਪਿ.ਅੰ.ਨੰ: 8/75/2012-1ਪਸ/ 144

ਮਿਤੀ, ਚੰਡੀਗੜ੍ਹ 18 ਜੂਨ 2015

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਜੀ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਆਉਂਦੇ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਹੋਰ ਅਦਾਰਿਆਂ ਆਦਿ ਦੀ ਛਪਾਈ ਦਾ ਕੰਮ ਉਕਤ ਸਰਕਾਰੀ ਪ੍ਰੈਸਾਂ ਤੋਂ ਕਰਵਾਉਣ ਬਾਰੇ ਹਦਾਇਤਾਂ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਅਧੀਨ ਸਕੱਤਰ